# ਹਰਿ ਹਰਿ ਕਰਤ ਨਹੀ ਦੁਖੁ ਜਮਹ

## ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨

## ੴ ਸਤਿ ਗੁਰ ਪ੍ਰਸਾਦਿ ॥

ਇਹ ਸ਼ਬਦ ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਰਾਗ ਗੋਂਡ ਵਿਚ ਪੰਨਾ ੮੭੪ ਤੇ ਸੁਭਾਇਮਾਨ ਹੈ। ਇਸ ਨੂੰ ਦੂਜੇ ਘਰ ਵਿਚ ਗਾਉਣ ਦੀ ਹਦਾਇਤ ਕੀਤੀ ਗਈ ਹੈ। ਇਸ ਸ਼ਬਦ ਤੋਂ ਪਹਿਲਾਂ ਮੂਲ ਮੰਤਰ ਦਾ ਸੰਖੇਪ ਸਰੂਪ, ਵਾਹਗੁਰੂ ਦੇ ਮੰਗਲਾਚਰਣ ਵਜੋਂ ਦਰਜ ਕੀਤਾ ਗਿਆ ਹੈ।

**ਹਰਿ ਹਰਿ ਕਰਤ ਮਿਟੇ ਸਭਿ ਭਰਮਾ॥ ਹਰਿ ਕੋ ਨਾਮੁ ਲੈ ਊਤਮ ਧਰਮਾ॥**
**ਹਰਿ ਹਰਿ ਕਰਤ ਜਾਤਿ ਕੁਲ ਹਰੀ॥ ਸੋ ਹਰਿ ਅੰਧੁਲੇ ਕੀ ਲਾਕਰੀ॥੧॥**

ਇਸ ਸ਼ਬਦ ਵਿਚ ਸ਼ਬਦ 'ਹਰਿ' ਦਾ ਵਾਰ ਵਾਰ ਦੁਹਰਾਇਆ ਜਾਣਾ ਇਹ ਸੰਕੇਤ ਬਹੁਤ ਸਪੱਸ਼ਟ ਤੌਰ ਤੇ ਦੇ ਰਿਹਾ ਹੈ ਕਿ ਸਿਮਰਨ ਦੀ ਵਿਧੀ, ਗੁਰ-ਮੰਤਰ ਦਾ ਵਾਰ ਵਾਰ ਦੁਹਰਾਇਆ ਜਾਣਾ ਜਾਂ ਉਚਾਰਣ ਕਰੀ ਜਾਣਾ ਹੈ। ਇਹ ਦਸਣਾ ਇਸ ਲਈ ਜ਼ਰੂਰੀ ਹੈ ਕਿ ਅਜ ਦਾ ਵਿਦਵਾਨ, ਬੁਧੀ-ਜੀਵੀ ਵਰਗ ਸਿਮਰਨ ਦੀ ਨਿਰਾਰਥਕਤਾ ਦਾ, ਕੁਝ ਲੁਕੇ ਛਿਪੇ ਤੇ ਕੁਝ ਜ਼ਾਹਰਾ ਪ੍ਰਚਾਰ ਕਰ ਰਿਹਾ ਹੈ। ਕੁਝ ਜਨਾਂ ਦਾ ਵਰਗ, ਗੁਰਬਾਣੀ ਪਾਠ ਜਾਂ ਗੁਰਬਾਣੀ ਦੀ ਵੀਚਾਰ ਨੂੰ ਹੀ ਅਸਲ ਜ਼ਰੂਰੀ ਮੰਨਦਾ ਹੈ, ਸਿਮਰਨ ਨੂੰ ਨਹੀਂ।

ਗੁਰਬਾਣੀ ਅਧਿਐਨ, ਨਿਰ-ਸੰਦੇਹ ਬਹੁਤ ਜ਼ਰੂਰੀ ਹੈ। ਪਰ ਗੁਰਬਾਣੀ ਦਾ ਮਾਰਗ ਨਾਮ ਮਾਰਗ ਹੀ ਹੈ ਜੋ ਸਭ ਤੋਂ ਵਧ ਜ਼ਰੂਰੀ ਹੈ। ਅਜਿਹੇ ਸ਼ਬਦ ਵੀ ਅਨੇਕ ਹਨ ਜਿਥੇ ਸ਼ਬਦ 'ਹਰਿ' ਦੀ ਵਰਤੋਂ ਅਨੇਕ ਵਾਰ ਇਕੱਠੇ ਹੀ ਹੋਈ ਹੈ, ਜਿਵੇਂ, ਪੰਨਾ ੮੭੪ ਤੇ ਸ੍ਰੀ ਗੁਰੂ ਅਰਜਨ ਸਾਹਿਬ - 'ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹਰਿ ਹੇਤ॥ ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥' ਇਹ ਪਦਾ ਇਸ ਤਥ ਦੀ ਖੁਲ੍ਹੀ ਪ੍ਰੋੜ੍ਹਤਾ ਕਰ ਰਿਹਾ ਹੈ ਕਿ ਇਕੋ ਸ਼ਬਦ ਦਾ ਵਾਰ ਵਾਰ ਲਗਾਤਾਰ ਉਚਾਰਣ, ਸਿਮਰਨ ਦਾ ਅਰੰਭ ਹੈ। ਅਜਿਹੇ ਸ਼ਬਦ ਕਈ ਹਨ। ਮੌਜੂਦਾ ਸ਼ਬਦ ਵਿਚ ਤਾਂ ਧਰਮ ਦੇ ਇਤਿਹਾਸ (ਇਸ ਨੂੰ ਮਿਥਿਹਾਸ ਕਹਿਣਾ ਭਾਰੀ ਭੁਲ ਹੈ) ਵਿਚੋਂ ਕਈ ਮਿਸਾਲਾਂ ਵੀ ਦਿਤੀਆਂ ਹਨ।

**- ਹਰਿ ਹਰਿ ਕਰਣ, ਭਾਵ, ਸਿਮਰਨ ਕਰਨ ਨਾਲ ਮਨ ਦੇ ਸਾਰੇ ਭਰਮ ਦੂਰ ਹੋ ਜਾਂਦੇ ਹਨ।**
**- ਹਰੀ ਦਾ ਨਾਮ ਜਪਣਾ ਹੀ ਉਤਮ ਧਰਮ ਹੈ।**

ਇਸ ਪੰਕਤੀ ਨਾਲ ਸਾਰੇ ਧਰਮ-ਕਰਮ ਧੁਮਲ ਪੈ ਜਾਂਦੇ ਹਨ। ਹਰ ਧਰਮ ਦਾ ਪੁਰੋਹਿਤ ਵਰਗ ਝੂਠਾ ਪੈ ਜਾਂਦਾ ਹੈ ਜੋ ਧਰਮ ਦੇ ਨਾਂ ਤੇ ਸਿਰਫ਼ ਧਨ ਹੀ ਇਕੱਠਾ ਨਹੀਂ ਕਰਦਾ ਰਿਹਾ ਸਗੋਂ ਦੁਨੀਆਂ ਨੂੰ ਗੁੰਮਰਾਹ ਕਰਦਾ ਆ ਰਿਹਾ ਹੈ ਅਤੇ ਅਜ ਵੀ ਕਰ ਰਿਹਾ ਹੈ।

ਭਗਤ ਨਾਮਦੇਵ ਜੀ ਦੀ ਇਸ ਪੰਕਤੀ ਵਰਗੀ ਬਿਲਕੁਲ ਅਜਿਹੀ ਹੀ ਪੰਕਤੀ ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ ਉਚਾਰਣ ਕੀਤੀ ਹੈ - 'ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਸਗਲ ਕ੍ਰਿਆ ਮਹਿ ਊਤਮ ਕਿਰਿਆ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ॥', ਪੰਨਾ ੨੬੬. ਇਸੇ ਹੀ ਤਰ੍ਹਾਂ ਅੰਕ ੮੯੫ ਤੇ ਵੀ ਜ਼ੋਰਦਾਰ ਸ਼ਬਦਾਂ ਵਿਚ ਫ਼ੁਰਮਾਣ ਕੀਤਾ ਹੈ - 'ਸਭ ਤੇ ਊਤਮ ਇਹੁ ਕਰਮੁ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਸਿਮਰਨਿ ਤੇਰਾ ਹੋਇ ਉਧਾਰੁ॥ ਜਨਮ ਜਨਮ ਕਾ ਉਤਰੈ ਭਾਰੁ॥'

ਪਰ ਇਹ ਸਿਮਰਨ, ਸਾਧੂ ਦੀ ਸੰਗਤਿ ਕਰਦਿਆਂ ਹੀ ਸੰਭਵ ਹੈ। ਸਾਧੂ ਦੀ ਕਿਰਪਾ ਤੋਂ ਬਿਨਾਂ ਸਿਮਰਨ ਵਿਚ ਲਿਵ ਜੁੜਨੀ ਅਸੰਭਵ ਹੈ। ਇਸ ਲਈ ਗੁਰਬਾਣੀ ਵਿਚ ਵਾਰ ਵਾਰ ਦੋਨਾਂ ਦੀ ਮਹਿਮਾ ਗਾਈ ਗਈ ਹੈ। ਪੰਨਾ ੬੪੨ ਤੇ, ਪੰਚਮ ਪਾਤਸ਼ਾਹ ਨੇ ਬਹੁਤ ਸਾਰੇ ਧਰਮ-ਕਰਮਾਂ ਦਾ

ਜ਼ਿਕਰ ਕੀਤਾ ਹੈ ਪਰ ਨਾਲ ਹੀ ਸਪੱਸ਼ਟ ਨਿਰਣਾ ਕਰ ਦਿਤਾ ਹੈ ਕਿ ਸਾਧੂ ਦੀ ਸੰਗਤ ਕਰਦਿਆਂ, ਉਸ ਦੀ ਸ਼ਰਣ ਵਿਚ ਪੈ ਕੇ, ਸਿਮਰਣ ਕਰਨਾ ਸਾਰਿਆਂ ਕਰਮਾਂ ਨਾਲੋਂ ਉਤਮ ਹੈ ਅਤੇ ਇਹ ਦਾਤ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਸ ਨੂੰ ਇਹ ਪੂਰਬਲੇ ਜਨਮ ਤੋਂ ਮਿਲਣੀ ਲਿਖੀ ਹੋਵੇ, ਕਿਸੇ ਸਾਧੂ ਦਾ ਬਚਨ ਹੋਇਆ ਹੋਵੇ - 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥' ਸੋ ਗੁਰਬਾਣੀ ਦਾ ਇਹ ਨਿਰਣਾ ਬਹੁਤ ਸਪੱਸ਼ਟ ਹੈ ਕਿ ਸਭ ਤੋਂ ਉਤਮ ਧਰਮ ਸਿਮਰਣ ਕਰਨਾ ਹੀ ਹੈ। ਹੁੰਦਾ ਇਹ ਸਾਧੂ ਸੰਗਤ ਕਰਦਿਆਂ ਹੀ ਹੈ। ਸ੍ਰੀ ਗੁਰੂ ਅਰਜਨ ਸਾਹਿਬ ਨੇ ਇਸਦੇ ਨਾਲ ਸ਼ੁਭ ਅਮਲ ਵੀ ਜੋੜੇ ਹਨ, ਭਾਵੇਂ ਉਹ ਦੂਜੇ ਨੰਬਰ ਤੇ (secondary) ਹੀ ਹਨ। ਸਿਮਰਨ ਹੀ ਸ਼ੁਭ ਅਮਲਾਂ ਦਾ ਸੋਮਾ ਹੈ, ਸ਼ੁਭ ਅਮਲ, ਸਿਮਰਨ ਦਾ ਸੋਮਾ ਨਹੀਂ। ਸਿਮਰਨ ਤੋਂ ਬਿਨਾਂ ਅਮਲ ਸ਼ੁਭ ਹੋ ਹੀ ਨਹੀਂ ਸਕਦੇ।

**- ਹਰਿ ਹਰਿ... ਕਰਨ, ਭਾਵ, ਸਿਮਰਨ ਕਰਣ ਨਾਲ ਜਾਤਿ ਕੁਲ ਦੇ ਭੇਦ ਮਿਟ ਜਾਂਦੇ ਹਨ।**
ਇਸ ਭੇਦ ਭਾਵ ਤੋਂ ਉਪਰ ਉਠਣਾ ਵੀ ਸ਼ੁਭ ਅਮਲ ਹੀ ਹੈ, ਜੋ ਸਿਮਰਨ ਵਿਚੋਂ ਫੁਟਦਾ ਹੈ।

**- ਇਹੀ ਨਾਮ ਹਰ ਅੰਨ੍ਹੇ ਦੀ ਲਕੜੀ, ਡੰਗੋਰੀ ਹੈ, ਭਾਵ, ਹਰ ਅਗਿਆਨੀ ਦੇ ਗਿਆਨ ਦਾ ਮਾਰਗ ਹੈ।੧।**
ਅਗਿਆਨੀ ਮਨੁਖ ਦੇ ਅਮਲ ਸ਼ੁਭ ਨਹੀਂ ਹੋ ਸਕਦੇ। ਨਾਮ ਹੀ ਗਿਆਨ ਦਾ ਸੋਮਾ ਹੋਣ ਕਰਕੇ ਸ਼ੁਭ ਅਮਲਾਂ ਦਾ ਸੋਮਾਂ ਹੈ।

**ਹਰਏ ਨਮਸਤੇ ਹਰਏ ਨਮਹ॥**
**ਹਰਿ ਹਰਿ ਕਰਤ ਨਹੀ ਦੁਖੁ ਜਮਹ॥੧॥ ਰਹਾਉ॥**

**- ਹਰੀ ਪ੍ਰਭੂ ਨੂੰ ਮੇਰਾ ਪ੍ਰਣਾਮ ਹੈ, ਹਰੀ ਪ੍ਰਭੂ ਨੂੰ ਸਦਾ ਨਮਨ, ਨਮਸਕਾਰ ਹੈ।**

**- ਹਰਿ ਹਰਿ (ਭਾਵ, ਵਾਹਿਗੁਰੂ ਵਾਹਿਗੁਰੂ) ਕਰਦਿਆਂ ਕਰਦਿਆਂ, ਭਾਵ ਸਿਮਰਨ ਕਰਨ ਦੇ ਨਾਲ ਜਮਾਂ ਦਾ, ਮੌਤ ਦਾ ਦੁਖ ਨਹੀਂ ਰਹਿੰਦਾ।੧। ਰਹਾਉ।**
ਜਮਾਂ ਦਾ, ਮੌਤ ਦਾ ਦੁਖ ਹੀ ਸਭ ਤੋਂ ਵਡਾ ਦੁਖ ਹੈ। ਮਹਾਤਮਾ ਬੁੱਧ ਜੀ ਨੇ ਵੀ ਚਾਰ ਪਾਵਨ ਸਚਿਆਈਆਂ ਵਿਚ, ਜਨਮ ਅਤੇ ਮਰਨ ਦਾ ਦੁਖ ਸਭ ਤੋਂ ਵਡਾ ਮੰਨਿਆਂ ਹੈ।

**ਹਰਿ ਹਰਨਾਕਸ ਹਰੇ ਪਰਾਨ॥ ਅਜੈਮਲ ਕੀਓ ਬੈਕੁੰਠਹਿ ਥਾਨ॥**
**ਸੂਆ ਪੜਾਵਤ ਗਨਿਕਾ ਤਰੀ॥ ਸੋ ਹਰਿ ਨੈਨਹੁ ਕੀ ਪੂਤਰੀ॥੨॥**
ਇਸ ਦੂਜੇ ਪਦੇ ਵਿਚ ਧਰਮ ਦੇ ਇਤਿਹਾਸ ਵਿਚੋਂ ਮਿਸਾਲਾਂ ਦੇ ਕੇ ਸਮਝਾਇਆ ਹੈ ਕਿ

**- ਸਿਮਰਨ ਕਰਨ ਵਾਲੇ ਭਗਤ ਪ੍ਰਹਲਾਦ ਖਾਤਰ, ਉਸ ਦਾ ਸੰਹਾਰ ਕਰਨ ਵਾਲੇ ਉਸ ਦੇ ਪਿਓ ਦੇ ਪ੍ਰਾਣ, ਗੁਰੂ ਨੇ ਨਰ ਸਿੰਘ ਦਾ ਰੂਪ ਧਾਰ ਕੇ ਹਰ ਲਏ।**
**- ਸਿਮਰਣ ਕਰਣ ਕਰਕੇ, ਅਜਾਮਲ ਦੇ, ਪਾਪੀ ਹੋਣ ਦੇ ਬਾਵਜੂਦ ਵੀ ਉਸ ਨੂੰ ਬੈਕੁੰਠ ਵਿਚ ਥਾਂ ਮਿਲ ਗਈ।**
ਅਜਾਮਲ ਵੇਸਵਾ ਦਾ ਸੰਗੀ ਸੀ। ਕੋਈ ਸਾਧੂ ਉਸਦੇ ਇਕ ਪੁਤਰ ਦਾ ਨਾਂ ਨਾਰਾਇਣ ਰਖ ਗਿਆ ਅਤੇ ਨਾਰਾਇਣ ਨਾਰਾਇਣ ਜਪਦੇ ਦਾ ਪ੍ਰਭੂ ਨੂੰ ਭਾਅ ਜਾਣ ਕਰਕੇ ਪਾਰ ਉਤਾਰਾ ਹੋ ਗਿਆ।
**- ਤੋਤੇ ਨੂੰ ਪੜ੍ਹਾਉਂਦੀ ਗਨਿਕਾ ਤਰ ਗਈ।**
ਗਨਿਕਾ ਇਕ ਵੇਸਵਾ ਸੀ। ਕੋਈ ਸਾਧੂ ਉਸ ਨੂੰ ਇਕ ਤੋਤਾ ਦੇ ਗਿਆ ਤੇ ਬਚਨ ਕਰ ਗਿਆ ਕਿ ਇਸ ਨੂੰ ਰਾਮ ਰਾਮ ਕਰਵਾਈਂ। ਇੰਵ ਰਾਮ ਰਾਮ ਕਰਦੀ ਦਾ ਉਧਾਰ ਹੋ ਗਿਆ।

**- ਭਗਤ ਜੀ ਫੁਰਮਾਣ ਕਰਦੇ ਹਨ ਕਿ ਉਹੀ ਹਰੀ, ਜੋ ਇਹੋ ਜਿਹਾ ਹੈ, ਉਹ ਮੇਰੇ ਨੈਣਾਂ ਦੀ**

**ਪੁਤਲੀ ਹੈ।੨।**
ਭਾਵ, ਹਰੀ ਮੈਨੂੰ ਅਤਿਅੰਤ ਪਿਆਰਾ ਹੈ, ਇਸ ਲਈ ਮੈਂ ਹਰ ਵਕਤ ਉਸ ਦਾ ਸਿਮਰਨ ਕਰਦਾ ਹਾਂ।
ਇਥੇ ਉਹ ਗੁਰ-ਜੋਤਿ ਨੂੰ ਵੀ ਵਿਚੇ ਸ਼ਾਮਲ ਮਨ ਰਹੇ ਹਨ। ਇਥੇ ਇਹ ਤੱਥ ਹੋਰ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸ਼ਬਦ 'ਹਰਿ' ਦੇ ਵਿਚ ਅਕਾਲ ਪੁਰਖ ਅਤੇ ਸਮੇਂ ਸਮੇਂ ਤੇ ਪ੍ਰਗਟੇ ਗੁਰ-ਜੋਤਿ ਰੂਪੀ ਮਹਾਤਮਾ ਸ਼ਾਮਲ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਕਤ ਦੇ ਗੁਰ-ਜੋਤਿ ਰੂਪੀ ਮਹਾਤਮਾ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੂੰ 'ਪਰਤਖੵ ਹਰਿ' ਵੀ ਕਿਹਾ ਗਿਆ ਹੈ ਅਤੇ ਇਹ ਵੀ ਸਪੱਸ਼ਟ ਕਰ ਦਿਤਾ ਗਿਆ ਹੈ ਕਿ ਜਿਨ੍ਹਾਂ ਨੇ ਉਨ੍ਹਾਂ ਨੂੰ ਵੀ ਜਪਿਆ, ਭਾਵ, ਉਨ੍ਹਾਂ ਦੇ ਨਾਂ ਦਾ ਵੀ ਸਿਮਰਨ ਕੀਤਾ, ਉਨ੍ਹਾਂ ਦਾ ਵੀ ਪਾਰ ਉਤਾਰਾ ਹੋ ਗਿਆ - 'ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥..ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥', ਪੰਨਾ ੧੪੦੯. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਸ ਪਾਤਸ਼ਾਹ ਜੋ ਕਲਜੁਗ ਵਿਚ ਗੁਰ-ਜੋਤਿ ਰੂਪੀ ਮਹਾਤਮਾ ਪ੍ਰਗਟੇ, ਅਕਾਲ ਪੁਰਖ ਦੇ ਨਾਲ ਨਾਲ ਉਨ੍ਹਾਂ ਦਾ ਸਿਮਰਨ ਕਰਨ ਦੀ ਸਪੱਸ਼ਟ ਹਦਾਇਤ ਕੀਤੀ ਹੈ। ਜਾ ਇਉਂ ਕਹਿ ਲਈਏ ਕਿ ਗੁਰੂ ਪਾਤਸ਼ਾਹ ਦਾ ਸਿਮਰਨ ਵੀ ਅਕਾਲ ਪੁਰਖ ਦਾ ਹੀ ਸਿਮਰਨ ਹੈ - 'ਪ੍ਰਥਮਿ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ॥..ਸਿਮਰੋ ਸ੍ਰੀ ਹਰਿਰਾਇ..ਸ੍ਰੀ ਹਰਿਕ੍ਰਿਸ਼ਨ ਧਿਆਈਐ..ਤੇਗ ਬਹਾਦੁਰ ਸਿਮਰੀਐ..॥',ਚੰਡੀ ਦੀ ਵਾਰ, ਪਾ:੧੦. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਦ੍ਰੋਪਦੀ ਦੁਆਰਾ ਚੀਰ ਹਰਣ ਸਮੇਂ ਸ੍ਰੀ ਕ੍ਰਿਸ਼ਨ ਜੀ ਨੂੰ ਪੁਕਾਰਨ ਲਈ ਉਨ੍ਹਾਂ ਦਾ ਕੀਤਾ ਸਿਮਰਨ, ਰਾਮ ਪ੍ਰਭੂ, ਭਾਵ, ਅਕਾਲ ਪੁਰਖ ਦਾ ਸਿਮਰਨ ਮੰਨਿਆਂ ਹੈ - 'ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥ ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥', ਅੰਕ ੧੦੦੮.

**ਹਰਿ ਹਰਿ ਕਰਤ ਪੂਤਨਾ ਤਰੀ॥ ਬਾਲ ਘਾਤਨੀ ਕਪਟਹਿ ਭਰੀ॥**
**ਸਿਮਰਨ ਦ੍ਰੋਪਦ ਸੁਤ ਉਧਰੀ॥ ਗਊਤਮ ਸਤੀ ਸਿਲਾ ਨਿਸਤਰੀ॥੩॥**

**- ਇਸੇ ਤਰ੍ਹਾਂ ਹਰਿ ਹਰਿ ਕਰਦੀ, ਭਾਵ, ਵਕਤ ਦੇ ਰੱਬ ਰੂਪ ਮਹਾਤਮਾ, ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦਾ ਨਾਂ ਲੈਂਦੀ ਲੈਂਦੀ, ਪੂਤਨਾ ਰਾਖ਼ਸ਼ੀ, ਮਰ ਗਈ ਤੇ ਉਸਦਾ ਉਧਾਰ ਹੋ ਗਿਆ।**

**- ਭਾਵੇਂ ਕਰਮਾਂ ਕਰਕੇ ਉਹ ਮਸੂਮ ਬਚਿਆਂ ਦੀ ਕਾਤਲ ਸੀ ਅਤੇ ਕਪਟ ਦੀ ਭਰੀ ਹੋਈ ਸੀ।**
ਪਰ ਹਰਿ ਪ੍ਰਭੂ ਦੇ ਸਿਮਰਨ ਵਿਚ ਇਤਨੀ ਤਾਕਤ ਹੈ ਕਿ ਇਸ ਨਾਲ ਕੀਤੇ ਅਨੇਕਾਂ ਪਾਪ ਵੀ ਧੋਤੇ ਜਾਂਦੇ ਹਨ। ਸੋ ਜ਼ਾਹਰ ਹੈ, ਸਿਮਰਨ ਹੀ ਅਸਲ ਧਰਮ ਹੈ।
**- ਸਿਮਰਣ ਕਰਣ ਨਾਲ, ਦ੍ਰੋਪਦ ਦੀ ਧੀ, ਦ੍ਰੋਪਦੀ ਦਾ ਵੀ ਨਿਸਤਾਰਾ ਹੋ ਗਿਆ।**
ਅਸਲ ਵਿਚ ਦੁਰਜੋਧਨ ਆਦਿ ਰਾਹੀਂ, ਜੋ ਉਸ ਨੂੰ ਭਰੀ ਸਭਾ ਵਿਚ ਬੇ-ਪੱਤ ਕੀਤਾ ਜਾ ਰਿਹਾ ਸੀ, ਉਸਦੇ, ਮੌਕੇ ਦੇ ਮਹਾਤਮਾ, ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦਾ ਸਚੇ ਮਨ ਨਾਲ ਸਮੱਰਣ ਕਰਨ ਕਰਕੇ ਮਹਾਰਾਜ ਨੇ ਉਸਦੀ ਪੱਤ ਰਖ ਲਈ। ਇਸ ਦੀ ਗਵਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ੧੦੦੮ ਪੰਨੇ ਤੇ ਭਰਦੇ ਹਨ - 'ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥ ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥'

**- ਰਿਖੀ ਗੌਤਮ ਦੀ ਪਤੀਬ੍ਰਤਾ ਇਸਤਰੀ, ਜੋ ਰਿਖੀ ਜੀ ਦੇ ਸਰਾਪ ਕਰਕੇ ਸਿਲਾ, ਭਾਵ, ਪਥਰ ਦੀ ਬਣ ਗਈ ਸੀ, ਉਸ ਦਾ ਵੀ ਉਧਾਰ ਕੀਤਾ ਗਿਆ।੩।**
ਵਕਤ ਦੇ ਮਹਾਤਮਾ, ਗੁਰ ਜੋਤਿ, ਸ੍ਰੀ ਰਾਮ ਚੰਦਰ ਜੀ ਦੀ ਛੋਹ ਪ੍ਰਾਪਤ ਹੋਣ ਨਾਲ ਉਸਦਾ ਵੀ ਉਧਾਰ ਹੋਇਆ, ਜਿਸ ਨੂੰ, ਉਸ ਦੇ ਹਿਰਦੇ ਵਿਚ ਸਚੇ ਮਨ ਨਾਲ ਗੁਰ-ਜੋਤਿ ਦਾ ਪ੍ਰੇਮ ਧਾਰਣ ਕਰਣ ਕਰਕੇ, ਪੁਰਾਣੇ ਸਮੇਂ ਤੇ ਰਿਖੀ ਗੌਤਮ ਵਲੋਂ ਹੀ ਅਜਿਹਾ ਬਚਨ ਕਰ ਦਿਤਾ ਗਿਆ ਸੀ।

ਭਾਈ ਗੁਰਦਾਸ ਜੀ ਵੀ ਇਸ ਸਾਖੀ ਦੀ ਗਵਾਹੀ ਭਰਦੇ ਹਨ - 'ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪੁਰਾਣਾ॥ ਰਘੁਪਤਿ ਚਰਣ ਛੁਹੰਦਿਆਂ ਚਲੀ ਸੁਰਗ ਪੁਰਿ ਬਣੇ ਬਿਬਾਣਾ॥' ਵਾਰ ੧੦:੧੮

**ਕੇਸੀ ਕੰਸ ਮਥਨੁ ਜਿਨਿ ਕੀਆ॥ ਜੀਅ ਦਾਨੁ ਕਾਲੀ ਕਉ ਦੀਆ॥**
**ਪ੍ਰਣਵੈ ਨਾਮਾ ਐਸੋ ਹਰੀ॥ ਜਾਸੁ ਜਪਤ ਭੈ ਅਪਦਾ ਟਰੀ॥੪॥੧॥੫॥**

**- ਕੇਸੀ ਨਾਂ ਦੇ ਇਕ ਦੈਂਤ ਨੂੰ, ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨ ਲਈ ਕੰਸ ਵਲੋਂ ਉਨ੍ਹਾਂ ਕੋਲ ਗੋਕੁਲ ਭੇਜਿਆ ਗਿਆ ਸੀ, ਮਹਾਰਾਜ ਨੇ ਉਸ ਨੂੰ ਵੀ ਅਤੇ ਕੰਸ ਨੂੰ ਵੀ ਮਾਰ ਦਿਤਾ ਸੀ।**
ਭਾਵ, ਗੁਰ-ਜੋਤਿ ਸ੍ਰੀ ਕ੍ਰਿਸ਼ਨ ਜੀ ਦੇ ਹਥੋਂ ਉਨ੍ਹਾਂ ਦਾ ਵੀ ਉਧਾਰ ਹੋ ਗਿਆ, ਕਿਉਂਕਿ ਮਰਨ ਲਗਿਆਂ ਉਨ੍ਹਾਂ ਨੇ ਮਹਾਰਾਜ ਨੂੰ ਪਛਾਣ ਕੇ ਨਮਨ ਕਰ ਦਿਤਾ ਸੀ।
ਗੁਰ-ਜੋਤਿ ਦਾ ਦਰਸ਼ਨ, ਸਪੱਰਸ਼ ਅਤੇ ਮਾਰਨਾ, ਇਹ ਸਾਰੇ ਤਾਰਣ ਲਈ ਕਾਫ਼ੀ ਹੁੰਦੇ ਹਨ। ਗੁਰਬਾਣੀ ਵਿਚ ੧੩੯੦ ਪੰਨੇ ਤੇ, ਕੰਸ ਦਾ ਸ੍ਰੀ ਕ੍ਰਿਸ਼ਨ ਜੀ ਦੁਆਰਾ ਕ੍ਰਿਤਾਰਥ ਕਰਨਾ, ਭਾਵ, ਉਧਾਰ ਕਰਨਾ ਲਿਖਿਆ ਹੈ - 'ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ...'
**- ਕਾਲੀ ਨਾਗ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਵਸ ਵਿਚ ਕਰ ਕੇ ਜੀਅ ਦਾਨ ਦੇ ਦਿਤਾ ਸੀ। ਇਸ ਤਰ੍ਹਾਂ ਉਸ ਦਾ ਵੀ ਉਧਾਰ ਹੋ ਗਿਆ ।**
**- ਭਗਤ ਨਾਮਦੇਵ ਜੀ, ਨਮਸਕਾਰ ਕਰਦੇ ਹਨ, ਗੁਰ ਜੋਤਿ ਸ੍ਰੀ ਕ੍ਰਿਸ਼ਨ ਜੀ ਦੀ ਵਡਿਆਈ ਕਰਦੇ ਹੋਏ ਸਮਝਾਉਣ ਰੂਪ ਫ਼ੁਰਮਾਣ ਕਰਦੇ ਹਨ ਕਿ ਵੇਖੋ ਅਜਿਹਾ ਹੈ ਮੇਰਾ ਹਰੀ ਪ੍ਰਭੂ-ਜਿਸ ਦੇ ਨਾਂ ਲੈਂਦਿਆਂ ਹੀ ਜਨਮ ਮਰਨ ਦੇ ਭੈ ਦੀ ਬਿਪਦਾ ਦਾ ਨਾਸ ਹੋ ਜਾਂਦਾ ਹੈ।੪।੧।੫।**
ਫ਼ਿਰ ਮੈਂ ਕਿਉ ਨਾ ਉਸ ਦਾ ਸਿਮਰਨ ਕਰੀ ਜਾਵਾਂ।

ਨੋਟ : ਅਜ ਦੇ ਸਿਖ ਬੁਧੀ ਜੀਵੀ, ਇਨ੍ਹਾਂ ਉਪਰ ਦੱਸੀਆਂ ਹਸਤੀਆਂ ਨੂੰ ਮਿਥਿਹਾਸਕ ਕਹਿ ਕੇ ਗੁਰਬਾਣੀ ਦੀ ਤਾਰਕਿਕ ਵਿਆਖਿਆ ਕਰਨਾ ਲੋਚਦੇ ਹਨ ਜੋ ਸਰਾਸਰ ਗਲਤ ਹੈ। ਸ੍ਰੀ ਗੁਰੂ ਅਰਜਨ ਸਾਹਿਬ ਨੇ ਇਸ ਤੱਥ ਦੀ ਗਵਾਹੀ ਭਰੀ ਹੈ। ਉਨ੍ਹਾਂ ਨੇ, ਪੰਨਾ ੧੧੯੨ ਹੈ, ਇਨ੍ਹਾਂ ਹਸਤੀਆਂ ਦੇ ਪ੍ਰਸੰਗ ਦਸ ਕੇ ਇਨ੍ਹਾਂ ਨੂੰ ਸਾਖੀ ਕਿਹਾ ਹੈ। ਸਾਖੀ ਦਾ ਅਰਥ ਹੁੰਦਾ ਹੈ ਜੋ ਘਟਨਾ ਅਖੋਂ ਵੇਖੀ ਹੋਵੇ। ਪਾਤਸ਼ਾਹ ਦੇ ਬਚਨ ਹਨ - 'ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥...' ਅਗੋਂ ਬਾਲਮੀਕ, ਧਰੂ, ਗਨਿਕਾ, ਗਜਿੰਦ੍ਰ, ਸੁਦਾਮਾ, ਬਧਿਕ, ਕੁਬਿਜਾ, ਬਿਦਰ, ਪ੍ਰਹਲਾਦ, ਦ੍ਰੋਪਦੀ, ਭਗਤ- ਧੰਨਾ, ਤ੍ਰਿਲੋਚਨ, ਬੇਣੀ, ਜੈਦੇਵ, ਸੈਣ, ਕਬੀਰ, ਨਾਮਦੇਵ, ਰਵਿਦਾਸ ਜੀ ਦੇ ਹਵਾਲੇ ਦਿਤੇ ਹਨ। ਇਨ੍ਹਾਂ ਸਭ ਦੇ ਹਵਾਲਿਆਂ ਨੂੰ ਸਾਖੀ ਕਿਹਾ ਹੈ। ਸਾਖੀ ਦੀ ਪਰਿਭਾਸ਼ਾ ਵੀ ਸ੍ਰੀ ਗੁਰੂ ਅਰਜਨ ਸਾਹਿਬ ਨੇ, ਬਾਣੀ ਵਿਚ, ਪੰਨਾ ੮੯੪ ਤੇ, ਇੰਵ ਦਿਤੀ ਹੈ - 'ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥' ਭਾਵ ਸੰਤ ਜਨ ਉਹੀ ਦਸਦੇ ਹਨ ਜੋ ਸਚ ਆਪ ਪਰਗਟ ਪਾਹਾਰੈ, ਭਾਵ, ਪਰਤੱਖ ਵੇਖਦੇ ਹਨ। ਇਸ ਲਈ ਮਹਾਤਮਾ, ਸਚ ਦੀ ਗਲ ਦਸਣ ਲਈ ਮਿਥਿਹਾਸ ਨਹੀਂ ਬੋਲਦੇ, ਸਚ ਹੀ ਬੋਲਦੇ ਹਨ।

ਇਸ ਸਮੁਚੇ ਸ਼ਬਦ ਵਿਚ ਗੁਰ-ਜੋਤਿ ਰੂਪੀ ਮਹਾਤਮਾ, ਸਾਧੂ ਜਨਾਂ ਦੀ ਸੰਗਤਿ ਕਰਦੇ ਹੋਏ ਸਿਮਰਨ ਕਰਨ ਨੂੰ ਹੀ ਧਰਮ ਦਾ ਮਾਰਗ ਮੰਨਿਆਂ ਹੈ।

